**ਪੰਜਾਬ ਸਕੂਲ ਸਿੱਖਿਆ ਬੋਰਡ** **ਐਨ-1-ਏ-(10,000)**

**ਵੱਲੋਂ**

**ਸਕੱਤਰ,**
**ਪੰਜਾਬ ਸਕੂਲ ਸਿੱਖਿਆ ਬੋਰਡ,**
**ਐਸ.ਏ.ਐਸ.ਨਗਰ(ਮੋਹਾਲੀ)160062**

**ਵੱਲ**

**ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ,**
**ਸਰਕਾਰੀ/ਏਡਿਡ/ਐਫੀਲੀਏਟਿਡ,**
**ਹਾਈ/ਸੀਨੀ.ਸੈਕੰ.ਸਕੂਲ**

**ਪੱਤਰ ਨੰ: ਪਸਸਬ-ਰਜਿ/ਮਾਈ /2011 -12/1-9000** **ਮਿਤੀ :ਮੋਹਾਲੀ/ 30-03-2011**

**ਵਿਸ਼ਾ :- ਦਾਖਲਾ ਸਾਲ 2011-2012 ਲਈ ਨੌਵੀਂ/ਦਸਵੀਂ ਸ਼੍ਰੇਣੀ ਵਿੱਚ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ।**

ਸ਼੍ਰੀਮਾਨ/ਸ਼੍ਰੀਮਤੀ ਜੀ,

**ਨੌਵੀਂ/ਦਸਵੀਂ ਸ਼੍ਰੇਣੀ ਵਿੱਚ ਵਿਦਿਆਰਥੀਆਂ ਦੇ ਦਾਖਲੇ ਲਈ ਹੇਠ ਲਿਖੀਆਂ ਅਗਵਾਈ ਲੀਹਾਂ ਅਨੁਸਾਰ ਲੋੜੀਂਦੀ ਕਾਰਵਾਈ ਕੀਤੀ ਜਾਵੇ:-**

1) ਸੰਸਥਾ ਦਾ ਬੋਰਡ ਨਾਲ ਐਫੀਲੀਏਟਡ ਹੋਣਾ ਜ਼ਰੂਰੀ ਹੈ ਅਤੇ ਸ਼ਨਾਖਤੀ ਨੰਬਰ ਲੱਗਿਆ ਹੋਣਾ ਚਾਹੀਦਾ ਹੈ।

2) ਬੋਰਡ ਵੱਲੋਂ ਪ੍ਰਵਾਨਿਤ ਦਾਖਲਾ ਖਾਰਜ਼ ਰਜਿਸਟਰ ਲਗਾਏ ਜਾਣ।

3) ਵਿਦਿਆਰਥੀਆਂ ਨੂੰ ਦਾਖਲ ਕਰਨ ਤੋਂ ਪਹਿਲਾਂ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਕੈਲੰਡਰ ਵਾਲਿਊਮ-2 ਅਤੇ ਨੌਵੀਂ/ਦਸਵੀਂ ਸ਼੍ਰੇਣੀ ਲਈ ਨਿਰਧਾਰਤ ਪਾਠ-ਕ੍ਰਮ ਦਾ ਅਧਿਐਨ ਕਰ ਲਿਆ ਜਾਵੇ।

4) ਨੌਵੀਂ ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖਲ ਕੀਤੇ ਜਾਣ, ਜਿਨ੍ਹਾਂ ਨੇ ਅੱਠਵੀਂ ਸ਼੍ਰੇਣੀ ਦੀ ਪ੍ਰੀਖਿਆ ਬੋਰਡ ਨਾਲ ਸਬੰਧਤ ਸਰਕਾਰੀ/ ਐਫੀਲੀਏਟਿਡ /ਏਡਿਡ ਸਕੂਲ ਤੋਂ ਪਾਸ ਕੀਤੀ ਹੋਵੇ।

5) ਦਸਵੀਂ ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖਲ ਕੀਤੇ ਜਾਣ, ਜਿਨ੍ਹਾਂ ਨੇ ਨੌਵੀਂ ਸ਼੍ਰੇਣੀ ਸਰਕਾਰੀ/ਏਡਿਡ/ਬੋਰਡ ਨਾਲ ਐਫੀਲੀਏਟਿਡ ਸਕੂਲ ਤੋਂ ਹੀ ਪਾਸ ਕੀਤੀ ਹੋਵੇ।

6) ਜੋ ਵਿਦਿਆਰਥੀ ਦਸਵੀਂ ਸ਼੍ਰੇਣੀ ਪ੍ਰਾਈਵੇਟ ਤੌਰ ਤੇ ਜਾਂ ਸਕੂਲ ਦੇ ਰੈਗੂਲਰ ਵਿਦਿਆਰਥੀ ਦੇ ਤੌਰ ਤੇ ਫੇਲ੍ਹ ਹੋਣ ਉਹ ਦਸਵੀਂ ਸ਼੍ਰੇਣੀ ਵਿੱਚ ਰੈਗੂਲਰ ਤੌਰ ਤੇ ਦਾਖਲਾ ਲੈ ਸਕਦੇ ਹਨ।

7) ਬੋਰਡ ਵੱਲੋਂ ਪ੍ਰਵਾਨਿਤ ਸੀਟਾਂ ਅਨੁਸਾਰ ਹੀ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇ।

8) ਦਸਵੀਂ ਸ਼੍ਰੇਣੀ ਦੀ ਪ੍ਰੀਖਿਆ ਲਈ ਪਹਿਲੇ ਸਮੈਸਟਰ ਦੇ ਦਾਖਲਾ ਫਾਰਮ ਭੇਜਣ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਜਾਵੇ ਕਿ ਕੀ ਵਿਦਿਆਰਥੀਆਂ ਦੇ ਰਜਿਸਟ੍ਰੇਸ਼ਨ ਨੰਬਰ ਅਲਾਟ ਹੋ ਚੁੱਕੇ ਹਨ।

9) ਬੋਰਡ ਵੱਲੋਂ ਜਾਰੀ ਪਹਿਲੇ ਸਮੈਸਟਰ ਦੇ ਦਾਖਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਖਤਮ ਹੋਣ ਉਪਰੰਤ ਸਕੂਲ ਮੁੱਖੀਆਂ ਵੱਲੋਂ ਕਿਸੇ ਵੀ ਵਿਦਿਆਰਥੀ ਨੂੰ ਆਪਣੀ ਪੱਧਰ ਤੇ ਦਾਖਲਾ ਨਾ ਦਿੱਤਾ ਜਾਵੇ।

10) ਸੈਸ਼ਨ ਦੌਰਾਨ ਨੌਵੀਂ/ਦਸਵੀਂ ਸ਼੍ਰੇਣੀ ਵਿੱਚ ਜੇ ਕੋਈ ਵਿਦਿਆਰਥੀ ਪਹਿਲੇ ਸਮੈਸਟਰ ਦੇ ਦਾਖਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਪਿਛੋਂ ਸਕੂਲ ਬਦਲਦਾ ਹੈ ਤਾਂ ਉਸ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਇਸ ਸਬੰਧੀ ਬੋਰਡ ਤੋਂ ਮਾਈਗਰੇਸ਼ਨ ਸਰਟੀਫਿਕੇਟ ਪ੍ਰਾਪਤ ਕਰੇ। ਮਾਈਗ੍ਰੇਸ਼ਨ ਠੋਸ ਕਾਰਨਾ ਦੇ ਆਧਾਰ ਤੇ ਹੀ ਕੀਤੀ ਜਾਵੇਗੀ।

11) ਨੌਵੀਂ/ਦਸਵੀਂ ਸ਼੍ਰੇਣੀ ਦੇ ਪਹਿਲੇ ਸਮੈਸਟਰ ਦੀ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਪਹਿਲੇ ਸਮੈਸਟਰ ਦੀ ਪ੍ਰੀਖਿਆ ਸ਼ੁਰੂ ਹੋਣ ਦੀ ਮਿਤੀ ਤੋਂ 45 ਦਿਨ ਪਹਿਲਾਂ ਤੱਕ 600/- ਰੁ: ਫੀਸ ਨਾਲ ਕੀਤੀ ਜਾਵੇਗੀ। ਪ੍ਰੀਖਿਆ ਸ਼ੁਰੂ ਹੋਣ ਤੋਂ 30 ਦਿਨ ਪਹਿਲਾ

1000/- ਰੁ: ਫੀਸ ਨਾਲ ਅਤੇ ਪਹਿਲੇ ਸਮੈਸਟਰ ਦੀਆਂ ਪ੍ਰੀਖਿਆਵਾਂ ਤੋਂ ਬਾਅਦ ਅਤੇ ਦੂਜੇ ਸਮੈਸਟਰ ਦੌਰਾਨ 1500/-ਫੀਸ ਨਾਲ ਵਿਰਲੇ ਕੇਸਾਂ ਵਿੱਚ ਜਿਵੇਂ ਮਾਤਾ/ਪਿਤਾ/ਗਾਰਡੀਅਨ ਦੀ ਬਦਲੀ/ਅਚਾਨਕ ਮੌਤ ਹੋਣ ਦੀ ਸੂਰਤ ਵਿੱਚ ਮਾਈਗ੍ਰੇਸ਼ਨ ਮਾਨਯੋਗ ਚੇਅਰਮੈਨ ਸਾਹਿਬ ਵੱਲੋਂ ਆਗਿਆ ਦੇਣ ਉਪਰੰਤ ਹੀ ਕੀਤੀ ਜਾਵੇਗੀ। ਅਜਿਹਾ ਕਰਨ ਲਈ ਵਿਦਿਆਰਥੀ ਮਾਈਗ੍ਰੇਸ਼ਨ ਫਾਰਮ ਦੋਵੇਂ ਸਕੂਲ ਮੁਖੀਆਂ ਤੋਂ ਤਸਦੀਕ ਕਰਾਉਣਗੇ।

12) ਜਦੋਂ ਵੀ ਸਕੂਲ ਵੱਲੋਂ ਬੋਰਡ ਨਾਲ ਕੋਈ ਪੱਤਰ-ਵਿਹਾਰ ਕਰਨਾ ਹੈ, ਪੱਤਰ ਵਿੱਚ ਵਿਦਿਆਰਥੀ ਦਾ ਰਜਿਸਟਰੇਸ਼ਨ ਨੰਬਰ ਅਤੇ ਸਕੂਲ ਦਾ ਸ਼ਨਾਖਤੀ ਨੰਬਰ ਲਿਖਿਆ ਜਾਵੇ।

13) ਯੋਗਤਾ ਸਬੰਧੀ ਜ਼ਿੰਮੇਵਾਰੀ ਨਿਰੋਲ ਸਕੂਲ ਮੁੱਖੀ ਦੀ ਹੈ। ਇਸ ਲਈ ਸਮਾਨਤਾ ਸੂਚੀ ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਇਸ ਮਕਸਦ ਲਈ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ ਤਾਂ ਜੋ ਕੋਈ ਅਯੋਗ ਵਿਦਿਆਰਥੀ ਦਾਖਲ ਨਾ ਹੋ ਸਕੇ।

14) (1) ਜਿਨ੍ਹਾਂ ਵਿਦਿਆਰਥੀਆ ਨੇ ਨੌਂਵੀਂ ਸ਼੍ਰੇਣੀ ਵਿੱਚ ਸਾਲ/ਸ਼ੈਸ਼ਨ 2011-12 ਵਿੱਚ ਦਾਖਲਾ ਲਿਆ ਹੈ ਅਤੇ ਬੋਰਡ ਵੱਲੋਂ ਪਹਿਲਾ ਰਜਿ: ਨੰ. ਅਲਾਟ ਨਹੀਂ ਹੋਇਆ। ਉਨ੍ਹਾ ਦੇ ਵੇਰਵੇ ਨੌਂਵੀਂ ਸ਼੍ਰੇਣੀ ਵਿੱਚ ਹੀ ਫਾਰਮ ਨੰ. ਐਨ -1 ਵਿੱਚ ਦੋ ਪਰਤਾਂ ਵਿੱਚ ਭਰ ਕੇ ਭੇਜੇ ਜਾਣ।

2) ਜਿਨ੍ਹਾਂ ਵਿਦਿਆਰਥੀਆਂ ਨੂੰ ਅੱਠਵੀਂ ਸ਼੍ਰੇਣੀ ਵਿੱਚ ਪਹਿਲਾਂ ਹੀ ਰਜਿ: ਨੰ. ਅਲਾਟ ਹੋ ਚੁੱਕਾ, ਉਨ੍ਹਾ ਦੇ ਵੇਰਵੇ ਨੌਂਵੀਂ ਸ਼੍ਰੇਣੀ ਲਈ ਫਾਰਮ ਨੰ. ਐਨ-3 ਵਿੱਚ ਦੋ ਪਰਤਾਂ ਵਿੱਚ ਭਰਕੇ ਭੇਜੇ ਜਾਣ।

3) ਸਾਲ/ਸੈਸ਼ਨ 2011-12 ਵਿੱਚ ਦਸਵੀਂ ਸ਼੍ਰੇਣੀ ਦੀ ਕੰਟੀਨਿਊਏਸ਼ਨ ਰਿਟਰਨ ਨਾ ਭੇਜੀ ਜਾਵੇ ਕੇਵਲ ਬਾਹਰਲੇ ਬੋਰਡਾਂ ਤੋਂ ਆਏ ਵਿਦਿਆਰਥੀਆਂ ਦੇ ਵੇਰਵੇ ਫਾਰਮ ਐਮ-2ਵਿੱਚ ਤਿੰਨ ਪਰਤਾਂ ਵਿੱਚ ਭੇਜੇ ਜਾਣ।

15) ਜਿਨ੍ਹਾਂ ਵਿਦਿਆਰਥੀਆਂ ਨੇ ਅੱਠਵੀਂ/ਨੌਂਵੀਂ ਦੀ ਪ੍ਰੀਖਿਆ ਕਿਸੇ ਹੋਰ ਬੋਰਡ ਤੋਂ ਪਾਸ ਕੀਤੀ ਹੈ ਉਨ੍ਹਾਂ ਵਿਦਿਆਰਥੀਆਂ ਨੂੰ ਸਕੂਲ ਮੁੱਖੀ ਆਰਜ਼ੀ ਤੌਰ ਤੇ ਬੋਰਡ ਵੱਲੋਂ ਤੈਅ ਹੋਈਆਂ ਮਿਤੀਆਂ ਤੱਕ ਨੌਂਵੀਂ/ਦਸਵੀਂ ਸ਼੍ਰੇਣੀ ਵਿੱਚ ਦਾਖਲਾ ਦੇ ਸਕਦੇ ਹਨ। ਵੇਰਵੇ ਫਾਰਮ ਐਨ-2 ਅਤੇ ਐਮ-2 ਵਿੱਚ ਭੇਜੇ ਜਾਣ, ਰਜਿਸਟਰੇਸ਼ਨ ਫੀਸ 1000/- ਰੁ: ਪ੍ਰਤੀ ਵਿਦਿਆਰਥੀ ਹੋਵੇਗੀ। ਅਜਿਹੇ ਵਿਦਿਆਰਥੀਆਂ ਨੂੰ ਦਾਖਲ ਕਰਨ ਸਮੇਂ ਹੇਠ ਲਿਖੇ ਅਨੁਸਾਰ ਦਸਤਾਵੇਜ਼ ਲਏ ਜਾਣ ਅਤੇ ਰਜਿ. ਰਿਟਰਨ ਤੇ ਨਾਲ ਦਸਤਾਵੇਜ ਪੰ.ਸ.ਸ.ਬੋਰਡ ਨੂੰ ਭੇਜੇ ਜਾਣ ।

(ੳ) ਬੋਰਡ ਦਾ ਅਸਲ ਮਾਈਗ੍ਰੇਸ਼ਨ ਸਰਟੀਫਿਕੇਟ (ਜਿਥੇ ਲਾਗੂ ਹੋਵੇ) ਭੇਜਿਆ ਜਾਵੇ।

(ਅ) ਜਿਸ ਸ਼੍ਰੇਣੀ ਵਿੱਚ ਦਾਖਲ ਹੋਣਾ ਹੈ ਉਸ ਤੋਂ ਪਹਿਲੀ ਸ਼੍ਰੇਣੀ ਪਾਸ ਕਰਨ ਦਾ ਸਬੂਤ (ਡੀ.ਐਮ.ਸੀ) ਦੀ ਫੋਟੋ ਕਾਪੀ ਸਬੰਧਤ ਸਕੂਲ ਮੁਖੀ ਤੋਂ ਤਸਦੀਕ ਕਰਵਾਕੇ ਭੇਜੀ ਜਾਵੇ ।

(ੲ) ਵਿੱਦਿਅਕ ਸੈਸ਼ਨ ਦੌਰਾਨ ਜਾਂ ਹੇਠਲੀ ਪ੍ਰੀਖਿਆ ਪਾਸ ਕਰਨ ਉਪਰੰਤ ਸਕੂਲ ਛੱਡਣ ਦਾ ਸਰਟੀਫਿਕੇਟ ਜੋ ਜ਼ਿਲ੍ਹਾ ਸਿੱਖਿਆ ਅਫ਼ਸਰ ਜਾਂ ਸਬੰਧਤ ਬੋਰਡ ਦੇ ਅਧਿਕਾਰੀ ਦੁਆਰਾ ਪ੍ਰਤੀ ਹਸਤਾਖਰ ਕੀਤਾ ਹੋਣਾ ਚਾਹੀਦਾ ਹੈ।

(ਸ) ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪ੍ਰੀਖਿਆ ਦੇ ਬਰਾਬਰ ਦੀ ਯੋਗਤਾ ਦਾ ਸਮਾਨਤਾ-ਪੱਤਰ (ਜੋ ਕਿ ਬੋਰਡ ਦੀ ਅਕਾਦਮਿਕ ਸ਼ਾਖਾ ਵੱਲੋਂ ਅਸਲ ਸਰਟੀਫਿਕੇਟ ਦੇ ਆਧਾਰ ਤੇ ਜਾਰੀ ਕੀਤਾ ਜਾਂਦਾ ਹੈ।) ਹੇਠਲੀ ਪ੍ਰੀਖਿਆ ਸੀ.ਬੀ.ਐਸ.ਈ, ਆਈ.ਸੀ.ਐਸ.ਈ, ਹਰਿਆਣਾ, ਹਿਮਾਚਲ, ਜੰਮੂ ਕਸ਼ਮੀਰ ਅਤੇ ਰਾਜਸਥਾਨ ਬੋਰਡਾਂ ਤੋਂ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਛਡ ਕੇ ਬਾਕੀ ਬੋਰਡਾਂ ਵਾਲੇ ਵਿਦਿਆਰਥੀਆਂ ਦੇ ਕੇਸਾਂ ਵਿੱਚ ਪੰਜਾਬ ਬੋਰਡ ਦੀ ਅਕਾਦਮਿਕ ਸ਼ਾਖਾ ਤੋਂ ਸਮਾਨਤਾ ਪੱਤਰ ਪ੍ਰਾਪਤ ਕਰਕੇ ਪੇਸ਼ ਕੀਤੇ ਜਾਣ।

16 : ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਉਪਰੰਤ ਦੂਜੇ ਰਾਜਾਂ/ਬੋਰਡਾਂ ਤੋਂ ਪੜ੍ਹਦੇ ਆ ਰਹੇ ਵਿਦਿਆਰਥੀ ਨੂੰ ਕਿਸੇ ਵੀ ਸੂਰਤ ਵਿੱਚ ਨੌਂਵੀਂ/ਦਸਵੀਂ ਸ਼੍ਰੇਣੀ ਦੇ ਦਾਖਲੇ ਸਬੰਧੀ ਨਿਰਧਾਰਿਤ ਪ੍ਰਫਾਰਮੇ ਤੇ ਚੇਅਰਮੈਨ ਸਾਹਿਬ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪੂਰਵ ਪ੍ਰਵਾਨਗੀ ਲਏ ਬਿਨਾਂ ਦਾਖਲ ਨਾ ਕੀਤਾ ਜਾਵੇ। ਮਾਈਗ੍ਰੇਸ਼ਨ ਹੋਣ ਉਪਰੰਤ ਵਿਦਿਆਰਥੀ ਨੂੰ 15 ਦਿਨ ਦੇ ਅੰਦਰ-ਅੰਦਰ ਸਕੂਲ ਵਿੱਚ ਦਾਖਲਾ ਲੈ ਲੈਣਾ ਚਾਹੀਦਾ ਹੈ । ਦਾਖਲਾ ਨਾ ਲੈਣ

ਦੀ ਸੂਰਤ ਵਿੱਚ ਪ੍ਰਵਾਨਗੀ ਰੱਦ ਹੋਈ ਸਮਝੀ ਜਾਵੇਗੀ । ਰੱਦ ਹੋਈ ਪ੍ਰਵਾਨਗੀ ਵਾਲੇ ਵਿਦਿਆਰਥੀ ਨੂੰ ਵਿਸ਼ੇਸ਼ ਹਲਾਤਾਂ ਵਿੱਚ ਦੁਬਾਰਾ ਪ੍ਰਵਾਨਗੀ ਮੁੜ ਫੀਸ ਜਮਾਂ ਕਰਵਾਉਣ ਤੇ ਹੀ ਦਿੱਤੀ ਜਾਵੇਗੀ ।

**ਜਰੂਰੀ ਨੋਟ :- ਬਾਹਰਲੇ ਬੋਰਡਾਂ ਤੋਂ ਜਿਨ੍ਹਾਂ ਵਿੱਚ ਸਮੈਸਟਰ ਸਿਸਟਮ ਲਾਗੂ ਨਹੀਂ ਹੈ, ਮਾਈਗਰੇਟ ਹੋ ਕੇ ਆਉਣ ਵਾਲੇ ਵਿਦਿਆਰਥੀਆਂ ਨੂੰ ਦੂਜੇ ਸਮੈਸਟਰ ਦੀ ਪ੍ਰੀਖਿਆ ਦੇ ਨਾਲ ਨਾਲ ਪਹਿਲੇ ਸਮੈਸਟਰ ਦੀ ਪ੍ਰੀਖਿਆ ਵੀ ਦੇਣੀ ਪਵੇਗੀ। ਇਸ ਸਬੰਧੀ ਸਾਰੀ ਜਿੰਮੇਵਾਰੀ ਸਕੂਲ ਮੱਖੀ ਦੀ ਹੋਵੇਗੀ ।**

**ਕੰਟੀਨਿਊਏਸ਼ਨ / ਰਜਿਸਟ੍ਰੇਸ਼ਨ ਫਾਰਮ ਇਸ ਸਾਲ ਲਈ ਵੱਖਰੇ ਤੌਰ ਤੇ ਨਹੀਂ ਭੇਜੇ ਜਾਣਗੇ। ਇਸ ਸਬੰਧੀ ਸਾਰੀ ਜਾਣਕਾਰੀ / ਰਿਟਰਨ ਫਾਰਮ ਬੋਰਡ ਦੀ ਵੈੱਬ ਸਾਈਟ ਤੇ ਉਪਲੱਬਧ ਕਰਵਾ ਦਿਤੇ ਜਾਣਗੇ ਇਸ ਬਾਰੇ ਬਾਅਦ ਵਿੱਚ ਵੱਖ-ਵੱਖ ਅਖਬਾਰਾਂ ਵਿੱਚ ਪ੍ਰੈੱਸ ਨੋਟ ਰਾਹੀਂ ਸੂਚਿਤ ਕਰ ਦਿੱਤਾ ਜਾਵੇਗਾ।**

ਡਿਪਟੀ ਡਾਇਰੈਕਟਰ (ਕੰਪਿ: ਸੈਲ)

ਵਾਸਤੇ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ